# ਏਸੀਸੀਈਐਸਐਸ (ACCÉSSS) ਦੁਆਰਾ ਏ ਐੱਮ ਐੱਫ (AMF) ਨੂੰ ਸੁਝਾਏ ਗਏ ਸੁਨੇਹੇ

# ਜੁਲਾਈ ੨੬, ੨੦੧੮

---

**ਆਰਟੀਕਲ ੧**

**ਕੀ ਤੁਹਾਨੂੰ 'ਅਟੋਰੀਟਿ ਦੇ ਮਾਰਸ਼ੇ ਫਾਇਨੈਂਸੀਅਰਸ' (ਏ ਐਮ ਐਫ) –**

**(AUTORITÉ DES MARCHÉS FINANCIERS) (AMF) ਦੇ ਬਾਰੇ ਜਾਣਕਾਰੀ ਹੈ?**

*'ਅਟੋਰੀਟਿ ਦੇ ਮਾਰਸ਼ੇ ਫਾਇਨੈਂਸੀਅਰਸ' (ਏ ਐਮ ਐਫ) – (AUTORITÉ DES MARCHÉS FINANCIERS) (AMF)* ਕਿਊਬੈਕ ਦੇ ਵਿੱਤੀ ਸੈਕਟਰ ਨੂੰ ਨਿਯਮਤ ਕਰਨ ਅਤੇ ਵਿੱਤੀ ਉਤਪਾਦਾਂ ਅਤੇ ਸੇਵਾਵਾਂ ਦੇ ਉਪਭੋਗਤਾਵਾਂ ਦੀ ਸਹਾਇਤਾ ਕਰਨ ਲਈ ਕਿਊਬੈਕ ਸਰਕਾਰ ਦੁਆਰਾ ਲਾਜ਼ਮੀ ਠਹਿਰਾਈ ਗਈ ਹੈ।

ਉਪਭੋਗਤਾਵਾਂ ਦੀ ਮਦਦ ਲਈ, (ਏ ਐਮ ਐਫ) ਵਿੱਤੀ ਉਤਪਾਦਾਂ ਅਤੇ ਸੇਵਾਵਾਂ ਦੀ ਨਿਰਪੱਖ ਜਾਣਕਾਰੀ ਕਰਦਾ ਹੈ – ਤੇ ਨਾਲੇ ਬੀਮਾ, ਨਿਵੇਸ਼ ਅਤੇ ਵਿੱਤੀ ਧੋਖਾਧੜੀ ਜਿਹੀ ਵਿਸ਼ਿਆਂ ਨਾਲ ਸਬੰਧਤ ਟੂਲਸ / ਸਮੱਗਰੀ ਦੀ ਵੀ – ਵੈਬਸਾਈਟ ਤੇ ਉਪਲਬਧ।

ਕੀ ਤੁਸੀਂ ਇਨਵੈਸਟਮੈਂਟ / ਨਿਵੇਸ਼ ਜਾਂ ਇਨਸ਼ੋਰੈਂਸ ਬਾਰੇ ਸੋਚ ਰਹੇ ਹੋ? ਆਖਰੀ ਫੈਸਲਾ ਲੈਣ ਤੋਂ ਪਹਿਲਾਂ, ਇਹ ਜਾਂਚ ਕਰੋ ਕਿ ਵਿੱਤੀ ਉਤਪਾਦ ਦੀ ਪੇਸ਼ਕਸ਼ ਕਰਨ ਵਾਲਾ ਵਿਅਕਤੀ ਜਾਂ ਫਰਮ ਇਸ ਕੰਮ ਦੀ ਅਧਿਕਾਰਿਤ ਵੀ ਹੈ – ਏ ਐੱਮ ਐੱਫ ਜਾਣਕਾਰੀ ਸੈਂਟਰ (AMF Information Centre) ਨੂੰ 1-877-525-0337 ਤੇ ਕਾਲ ਕਰਕੇ ਜਾਂ (Register of firms and individuals authorized to practise) ਅਧਿਕਾਰਿਤ ਫਰਮਾਂ ਅਤੇ ਵਿਅਕਤੀਆਂ ਦੇ ਰਜਿਸਟਰ ਨਾਲ ਸਲਾਹ ਕਰਕੇ।

ਇਨਫਰਮੇਸ਼ਨ ਸੈਂਟਰ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ ਅਤੇ ਅਜਿਹੀਆਂ ਚੀਜਾਂ ਨਾਲ ਤੁਹਾਡੀ ਮਦਦ ਕਰ ਸਕਦਾ ਹੈ:

- ਕਿਸੇ ਵਿੱਤੀ ਸੇਵਾਵਾਂ ਪ੍ਰਤੀਨਿੱਧ ਜਾਂ ਫਰਮ ਨਾਲ ਸ਼ਿਕਾਇਤ ਦਰਜ਼ ਕਰਨੀ;
- ਸੰਭਾਵੀ ਧੋਖਾਧੜੀ ਜਾਂ ਸ਼ੱਕੀ ਅਭਿਆਸਾਂ ਦੀ ਰਿਪੋਰਟ ਕਰਨਾ।

ਐੱਮ ਐੱਫ ਦੀ ਵੈਬਸਾਈਟ: lautorite.qc.ca

ਟੈਲੀਫੋਨ: 1-877-525-0337

# ਆਰਟੀਕਲ ੨

# ਧੋਖੇਬਾਜ ਤੁਹਾਡਾ ਵਿਸ਼ਵਾਸ ਜਿੱਤਣਾ ਚਾਹੁੰਦੇ ਹਨ: ਸਾਵਧਾਨ ਰਹੋ !

ਤੁਸੀਂ ਸੋਚਦੇ ਹੋ ਕਿ ਧੋਖੇਬਾਜ ਸਿਰਫ ਅਮੀਰ ਲੋਕਾਂ ਦੇ ਮਗਰ ਲੱਗਦੇ ਹਨ? ਇਕ ਵਾਰ ਫੇਰ ਸੋਚੋ। ਤੁਸੀਂ ਤੁਹਾਡੀ ਉਮਰ, ਲਿੰਗ, ਆਮਦਨੀ, ਮੂਲ ਦੇਸ਼ ਜਾਂ ਸਿੱਖਿਆ ਦੇ ਪੱਧਰ ਤੋਂ ਬੇਪਰਵਾਹ ਵੀ ਨਿਸ਼ਾਨਾ ਬਣ ਸਕਦੇ ਹੋ।

**ਅਫਿਨਟੀ ਧੋਖਾਧੜੀ**

ਲੋਕ ਉਸ ਸਿਫਾਰਸ਼ ਤੇ ਭਰੋਸਾ ਕਰਨ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ ਜੋ ਕੀ ਉਹਨ੍ਹਾਂ ਨਾਲ ਸੰਬਧਿਤ ਸਮੂਹ ਦਾ ਇਕ ਮੈਂਬਰ ਪਾਂਦਾ ਹੈ। ਧੋਖੇਬਾਜ ਆਮਤੌਰ ਤੇ ਅਪਣੇ ਸ਼ਿਕਾਰਾਂ ਨੂੰ ਉਨ੍ਹਾਂ ਜਿਹੀ ਹੀ ਵਿਸ਼ਵਾਸਾਂ ਜਾਂ ਦਿਲਚਸਪੀਆਂ ਬਾਰੇ ਦੱਸ ਕੇ ਉਨ੍ਹਾਂ ਨਾਲ ਰਾਪਤਾ ਬਣਾਂਦੇ ਹਨ। ਬਹੁਤ ਸਾਰੇ ਮਾਮਲਿਆਂ ਵਿਚ, ਕਿਸੇ ਰਿਸ਼ਤੇ ਦੀ ਸਥਾਪਨਾ ਤੋਂ ਬਾਅਦ, ਉਹ ਉਨ੍ਹਾਂ ਦੇ ਸ਼ਿਕਾਰਾਂ ਨੂੰ ਜੋ ਪੇਸ਼ ਕਰਦੇ ਹਨ ਉਹ ਜੀਵਨ ਵਿਚ ਇਕੋ ਹੀ ਵਾਰੀ ਨਿਵੇਸ਼/ਇਨਵੈਸਟਮੈਂਟ ਮੌਕੇ ਦੀ ਤਰ੍ਹਾਂ ਲਗਦਾ ਹੈ। ਵਾਸਤਵ ਵਿਚ, ਜਵਿਨ ਵਿਚ ਇਕੋ ਵਾਰ ਹੀਨਿਵੇਸ਼ ਨਾਮ ਦੀ ਕੋਈ ਚੀਜ਼ ਹੀ ਨਹੀਂ ਹੈ। ਧੋਖੇਬਾਜ ਉਨ੍ਹਾਂ ਲਈ ਨਿਵੇਸ਼ ਕਰਨ ਦੀ ਬਜਾਏ ਉਨ੍ਹਾਂ ਦਾ ਪੈਸਾ ਖਾ ਜਾਂਦੇ ਹਨ।

ਆਪਣੇ ਪੈਸੇ ਨੂੰ ਇਨਵੈਸਟ ਕਰਨ ਤੋਂ ਪਹਿਲਾਂ, **ਹਮੇਸ਼ਾ ਬਹੁਤ ਸਾਵਧਾਨ ਰਹੋ**। ਸਵਾਲ ਪੁੱਛੋ ਅਤੇ ਆਪੇ ਛਾਣਬੀਨ ਕਰੋ, ਭਾਂਵੇਂ ਤੁਹਾਨੂੰ ਜਿਸ ਵਿਅਕਤੀ ਨੇ ਇਨਵੈਸਟ ਕਰਨ ਲਈ ਕਿਹਾ ਹੈ ਉਹ ਤੁਹਾਡੇ ਹੀ ਮੰਦਰ ਜਾਂ ਗੁਰੁਦੁਆਰੇ ਜਾਂਦਾ ਹੈ ਜਾਂ ਤੁਸੀਂ ਉਸਨੂੰ ਜਾਣਦੇ ਹੋ ਚੁੰਕੀ ਉਹ ਤੁਹਾਡੇ ਪਰਿਵਾਰ ਦੇ ਇਕ ਸਦੱਸ ਦੀ ਤਰ੍ਹਾਂ ਹੈ, ਦੋਸਤ ਦੀ ਤਰ੍ਹਾਂ ਹੈ, ਤੁਹਾਡੇ ਸਮਾਜ ਦਾ ਇਕ ਸਦੱਸ ਹੈ ਤੇ ਜਾਂ ਉਹ ਤੁਹਾਡੇ ਨਾਲ ਕੰਮ ਕਰਦਾ ਹੈ।

**ਜੇ ਇਹ ਇੰਨਾਂ ਜ਼ਿਆਦਾ ਚੰਗਾ ਹੈ ਕਿ ਸੱਚ ਹੋ ਹੀ ਨਹੀਂ ਸਕਦਾ ਤਾਂ ਸਾਵਧਾਨ ਰਹੋ: ਇਹ ਧੋਖਾਧੜੀ ਦਾ ਯਤਨ ਹੋ ਸਕਦਾ ਹੈ**

ਇਨਵੈਸਟ ਕਰਨ ਤੋਂ ਪਹਿਲਾਂ, ਏ ਐੱਮ ਐੱਫ ਜਾਣਕਾਰੀ ਕੇਂਦਰ (AMF Information Centre) ਨੂੰ 1-877-525-0337 ਤੇ ਕਾਲ ਕਰਕੇ ਜਾਂ (Register of firms and individuals authorized to practise) ਅਧਿਕਾਰਿਤ ਫਰਮਾਂ ਅਤੇ ਵਿਅਕਤੀਆਂ ਦੇ ਰਜਿਸਟਰ ਨਾਲ ਸਲਾਹ ਕਰਕੇ, ਵਿੱਤੀ ਉਤਪਾਦ ਦੀ ਪੇਸ਼ਕਸ਼ ਕਰਨ ਵਾਲੇ ਵਿਅਕਤੀ ਜਾਂ ਫਰਮ ਦੀ ਜਾਂਚ ਕਰੋ ਕਿ ਉਹ ਵਾਕਈ ਇਸ ਕੰਮ ਦੇ ਅਧਿਕਾਰਿਤ ਹਨ।

ਐੱਮ ਐੱਫ ਦੀ ਵੈਬਸਾਈਟ: lautorite.qc.ca

ਟੈਲੀਫੋਨ: 1-877-525-0337

# ਆਰਟੀਕਲ ੩

# ਜਾਣੋ ਕਿਸ ਤਰ੍ਹਾਂ ਸੰਭਾਵੀ ਧੋਖਾਧੜੀ ਦੀ ਪਛਾਣ ਕਰਨੀ

ਜੇ ਤੁਸੀਂ ਆਰਥਿਕ ਤੌਰ ਤੇ ਸੰਘਰਸ਼ ਕਰ ਰਹੇ ਹੋ, ਜਲਦੀ ਪੈਸੇ ਕਮਾਉਣਾ ਚਾਹੁੰਦੇ ਹੋ ਜਾਂ ਸਹੀ ਜਾਂਚ ਨਹੀਂ ਕਰਦੇ ਹੋ ਤਾਂ ਤੁਸੀਂ ਆਰਥਿਕ ਧੋਖੇਬਾਜੀ ਦਾ ਸ਼ਿਕਾਰ ਹੋ ਸਕਰੇ ਹੋ।

**ਸੰਭਾਵੀ ਧੋਖਾਧੜੀ ਦੇ ਕੁਝ ਚੇਤਾਵਨੀ ਸੰਕੇਤ**

- ਕੋਈ ਵਿਅਕਤੀ ਤੁਹਾਨੂੰ ਜੋਖਮ-ਮੁਕਤ ਨਿਵੇਸ਼/ਇਨਵੈਸਟਮੈਂਟ ਦਾ ਵਾਅਦਾ ਕਰ ਰਿਹਾ ਹੈ ਜੋ ਤੁਹਾਨੂੰ ਬਹੁਤ ਸਾਰਾ ਪੈਸਾ ਕਮਾ ਸਕਦਾ ਹੈ। **ਇਹ ਯਥਾਰਥਵਾਦੀ ਨਹੀਂ ਹੈ।** ਬਿਨਾਂ ਕਿਸੇ ਜੋਖਮ ਤੋਂ ਉੱਚੀ ਰਿਟਰਨ ਨਾਮ ਦੀ ਕੋਈ ਚੀਜ਼ ਨਹੀਂ ਹੈ।
- ਕੀ ਕੋਈ ਜਲਦੀ ਇਨਵੈਸਟਮੈਂਟ ਕਰਨ ਲਈ ਤੁਹਾਡੇ ਤੇ ਦਬਾਅ ਪਾ ਰਿਹਾ ਹੈ? ਤੁਹਾਨੂੰ 'ਇਹ ਹੁਣ ਜਾਂ ਕਦੇ ਨਹੀਂ' ਕਿਹਾ ਜਾ ਰਿਹਾ ਹੈ? ਇਹ ਇਸ ਲਈ ਹੈ ਕਿਉਂਦਿ ਧੋਖੇਬਾਜ ਇਹ ਨਹੀਂ ਚਾਹੁੰਦਾ ਕਿ ਤੁਸੀਂ ਅਜਿਹੇ ਵਿਅਕਤੀ ਦੀ ਸਲਾਹ ਲਵੋ, ਜਿਸ ਤੇ ਤੁਹਾਨੂੰ ਭਰੋਸਾ ਹੈ, ਅਤੇ ਸਹੀ ਜਾਂਚ ਕਹੋ।
- ਕੋਈ ਵਿਅਕਤੀ ਤੁਹਾਨੂੰ ਇਨਵੈਸਟਮੈਂਟ ਦੀ ਪੇਸ਼ਕਸ਼ ਕਰਨ ਵਾਲੇ ਵਿਅਕਤੀ ਨੂੰ ਨਕਦ ਜਾਂ ਕਿਸੇ ਚੈਕ ਦੁਆਰਾ ਨਿਵੇਸ਼ ਕਰਨ ਲਈ ਕਹਿ ਰਿਹਾ ਹੈ? ਟ੍ਰਾਂਜ਼ੈਕਸ਼ਨਾਂ ਨੂੰ ਹਮੇਸ਼ਾ ਇਕ ਵਿਅਕਤੀ (ਇਨਵੈਸਟਰ) ਅਤੇ ਨਿਵੇਸ਼ ਦੀ ਪੇਸ਼ਕਸ਼ ਵਾਲੀ ਸੰਸਥਾ (ਉਦਾਹਰਣ ਤੌਰ, ਵਿੱਤੀ ਸੰਸਥਾ) ਦੇ ਵਿਚਕਾਰ ਹੋਣਾ ਚਾਹੀਦਾ ਹੈ।
- ਕੀ ਕੋਈ ਤੁਹਾਨੂੰ ਇਹ ਭਰੋਸਾ ਦੇ ਰਿਹਾ ਹੈ ਕਿ ਨਿਵੇਸ਼ ਨੂੰ ਆਟੋਰੀਟਿ ਦੇ ਮਾਰਸ਼ੇ ਫਾਈਨੈਂਸੀਅਰਜ਼ (ਏ ਐੱਮ ਐੱਫ) ਜਾਂ ਕਿਸੀ ਹੌਰ ਸਰਕਾਰੀ ਏਜੰਸੀ ਦੁਆਰਾ ਪ੍ਰਵਾਨਗੀ ਦਿੱਤੀ ਗਈ ਹੈ? ਏ ਐੱਮ ਐੱਫ ਨਿਵੇਸ਼ਾਂ ਬਾਰੇ ਅਤੇ ਉਨ੍ਹਾਂ ਤੋਂ ਤੁਹਾਨੂੰ ਕਿੰਨੀ ਕਮਾਈ ਹੋ ਸਕਦੀ ਹੈ ਦੇ ਬਾਰੇ ਕੋਈ ਰਾਇ ਨਹੀਂ ਦਿੰਦਾ ਹੈ।

ਇਨਵੈਸਟ ਕਰਨ ਤੋਂ ਪਹਿਲਾਂ, ਏ ਐੱਮ ਐੱਫ ਜਾਣਕਾਰੀ ਕੇਂਦਰ (AMF Information Centre) ਨੂੰ 1-877-525-0337 ਤੇ ਕਾਲ ਕਰਕੇ ਜਾਂ (Register of firms and individuals authorized to practise) ਅਧਿਕਾਰਿਤ ਫਰਮਾਂ ਅਤੇ ਵਿਅਕਤੀਆਂ ਦੇ ਰਜਿਸਟਰ ਨਾਲ ਸਲਾਹ ਕਰਕੇ, ਵਿੱਤੀ ਉਤਪਾਦ ਦੀ ਪੇਸ਼ਕਸ਼ ਕਰਨ ਵਾਲੇ ਵਿਅਕਤੀ ਜਾਂ ਫਰਮ ਦੀ ਜਾਂਚ ਕਰੋ ਕਿ ਉਹ ਵਾਕਈ ਇਸ ਕੰਮ ਦੇ ਅਧਿਕਾਰਿਤ ਹਨ। ਜੇ ਇਹ ਇੰਨਾਂ ਜ਼ਿਆਦਾ ਚੰਗਾ ਹੈ ਕਿ ਸੱਚ ਹੋ ਹੀ ਨਹੀਂ ਸਕਦਾ ਤਾਂ ਸਾਵਧਾਨ ਰਹੋ: ਇਹ ਧੋਖਾਧੜੀ ਦਾ ਯਤਨ ਹੋ ਸਕਦਾ ਹੈ

ਐੱਮ ਐੱਫ ਦੀ ਵੈਬਸਾਈਟ: lautorite.qc.ca

ਟੈਲੀਫੋਨ: 1-877-525-0337

# ਆਰਟੀਕਲ ੪
# ਹੋਮ ਇੰਸ਼ੋਰੈਂਸ: ਇੰਸ਼ੋਰੈਂਸ (ਬੀਮਾ) ਨਾ ਕਰਾਣ ਦੇ ਖਤਰੇ ਹਨ

ਘਰੇਲੂ ਬੀਮਾ ਜ਼ਰੂਰੀ ਹੈ ਤੁਹਾਡੀ ਜਾਇਦਾਦ (ਫਰਨੀਚਰ ਅਤੇ ਕੀਮਤੀ ਚੀਜ਼ਾਂ) ਅਤੇ ਸਿਵਲ ਦੇਣਦਾਰੀ ਨੂੰ ਕਵਰ ਲਈ। ਅਸਲ ਵਿਚ, ਹਾਲਾਂਕਿ ਤੁਸੀਂ ਸ਼ਾਇਦ ਸੋਚੋ ਕਿ ਤੁਹਾਡੇ ਸਾਮਾਨ ਦੀ ਕੀਮਤ ਬਹੁਤ ਜ਼ਿਆਦਾ ਨਹੀਂ ਹੈ, ਪਰ ਇਸ ਨੂੰ ਖੜੇ ਪੈਰ ਬਦਲਣਾ ਮੁਸ਼ਕਿਲ ਹੋ ਸਕਦਾ ਹੈ ਜੇਕਰ ਤੁਹਾਡੇ ਘਰ ਵਿੱਚ ਅੱਗ ਲੱਗ ਜਾਂਦੀ ਹੈ ਜਾਂ ਤੁਸੀਂ ਚੋਰੀ ਦੇ ਸ਼ਿਕਾਰ ਹੋ ਜਾਂਦੇ ਹੋ।

ਤੁਸੀਂ ਕੀ ਕਰੋਗੇ ਜੇ ਤੁਹਾਡੇ ਕੋਲੋਂ ਅਚਾਨਕ ਹੀ ਉਸ ਇਮਾਰਤ ਨੂੰ ਅੱਗ ਲੱਗ ਜਾਂਦੀ ਹੈ ਜਿੱਥੇ ਤੁਸੀਂ ਰਹਿੰਦੇ ਹੋ ਅਤੇ ਨੁਕਸਾਨ ਲਈ ਤੁਸੀਂ ਜ਼ਿੰਮੇਵਾਰ ਠਹਿਰਾਏ ਜਾਂਦੇ ਹੋ? ਕੀ ਹੋਵੇਗਾ ਜੇ ਤੁਹਾਡੇ ਘੱਰ ਵਿਚ ਕੋਈ ਡਿੱਗਣ ਨਾਲ ਜ਼ਖਮੀ ਹੋ ਜਾਵੇ ਜਾਂ ਫੇਰ ਤੁਹਾਡੀ ਵਾਸ਼ਿੰਗ ਮਸ਼ੀਨ ਤੋਂ ਲੀਕ ਹੋਇਆ ਪਾਣੀ ਤੁਹਾਡੇ ਗੁਆਂਢੀਆਂ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਏ? ਹੋਮ ਇੰਨਸ਼ੋਰੈਂਸ (ਘੱਰ ਦਾ ਬੀਮਾ) ਤੁਹਾਨੂੰ ਅਤੇ ਤੁਹਾਡੇ ਪਰਿਵਾਰ ਦੇ ਮੈਂਬਰਾਂ ਨੂੰ ਇਸ ਕਿਸਮ ਦੀਆਂ ਦੁਰਘੱਟਨਾਵਾਂ ਦੇ ਵਿੱਤੀ ਨਤੀਜੇ ਤੋਂ ਬਚਾ ਸਕਦੀ ਹੈ।

ਬੀਮਾ ਲੈਣ ਤੋਂ ਪਹਿਲਾਂ, ਏ ਐੱਮ ਐੱਫ ਜਾਣਕਾਰੀ ਕੇਂਦਰ (AMF Information Centre) ਨੂੰ 1-877-525-0337 ਤੇ ਕਾਲ ਕਰਕੇ ਜਾਂ (Register of firms and individuals authorized to practise) ਅਧਿਕਾਰਿਤ ਫਰਮਾਂ ਅਤੇ ਵਿਅਕਤੀਆਂ ਦੇ ਰਜਿਸਟਰ ਨਾਲ ਸਲਾਹ ਕਰਕੇ, ਵਿੱਤੀ ਉਤਪਾਦ ਦੀ ਪੇਸ਼ਕਸ਼ ਕਰਨ ਵਾਲੇ ਵਿਅਕਤੀ ਜਾਂ ਫਰਮ ਦੀ ਜਾਂਚ ਕਰੋ ਕਿ ਉਹ ਵਾਕਈ ਅਜਿਹੇ ਕੰਮ ਕਰਨ ਦੇ ਅਧਿਕਾਰਿਤ ਹਨ। ਬੀਮੇ ਬਾਰੇ ਵਧੀਕ ਜਾਣਕਾਰੀ ਲਈ, ਏ ਐੱਮ ਐੱਫ (AMF) ਦੀ ਵੈਬਸਾਈਟ ਤੇ ਜਾਓ।

ਐੱਮ ਐੱਫ ਦੀ ਵੈਬਸਾਈਟ: lautorite.qc.ca

ਟੈਲੀਫੋਨ: 1-877-525-0337